ਮਿੱਠੇ ਬੱਚੇ:- "ਮਿੱਠੇ ਬੱਚੇ ਤੁਹਾਡੇ ਵਿੱਚ ਆਨੇਸ੍ਰ (ਇਮਾਨਦਾਰ) ਉਹ ਹੈ ਜੋ ਸਾਰੇ ਯੂਨੀਵਰਸ ਦੀ ਸੇਵਾ ਕਰੇ, ਬਹੁਤਿਆਂ ਨੂੰ ਆਪ ਸਮਾਨ ਬਣਾਏ, ਆਰਾਮ ਪਸੰਦ ਨਾ ਹੋਵੇ"

ਪ੍ਰਸ਼ਨ:- ਤੁਸੀਂ ਬ੍ਰਾਹਮਣ ਬੱਚੇ ਕਿਹੜੇ ਬੋਲ ਕਦੀ ਬੋਲ ਨਹੀਂ ਸਕਦੇ ਹੋ?

ਉੱਤਰ:- ਤੁਸੀਂ ਬ੍ਰਾਹਮਣ ਇਵੇਂ ਕਦੀ ਨਹੀਂ ਬੋਲੋਗੇ ਕਿ ਸਾਡਾ ਬ੍ਰਹਮਾ ਨਾਲ ਕੋਈ ਕਨੈਕਸ਼ਨ ਨਹੀਂ, ਅਸੀਂ ਤਾਂ ਡਾਇਰੈਕਟ ਸ਼ਿਵਬਾਬਾ ਨੂੰ ਯਾਦ ਕਰਦੇ ਹਾਂ। ਬਿਨਾ ਬ੍ਰਹਮਾ ਬਾਪ ਦੇ ਬ੍ਰਾਹਮਣ ਕਹਾ ਨਹੀਂ ਸਕਦੇ, ਜਿਨ੍ਹਾਂ ਦਾ ਬ੍ਰਹਮਾ ਦੇ ਨਾਲ ਕਨੈਕਸ਼ਨ ਨਹੀਂ ਮਤਲਬ ਜੋ ਬ੍ਰਹਮਾ ਮੁੱਖ ਵੰਸ਼ਾਵਲੀ ਨਹੀਂ ਉਹ ਸ਼ੂਦਰ ਠਹਿਰੇ। ਸ਼ੂਦਰ ਕਦੀ ਦੇਵਤਾ ਨਹੀਂ ਬਣ ਸਕਦੇ ਹਨ।

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਸਮਝਾਉਂਦੇ ਹਨ ਦਾਦਾ ਦੇ ਦੁਆਰਾ - ਬੱਚੇ ਮਿਊਜ਼ਿਅਮ ਅਤੇ ਪ੍ਰਦਰਸ਼ਨੀ ਦਾ ਉਦਘਾਟਨ ਕਰਾਉਂਦੇ ਹਨ ਪਰ ਉਦਘਾਟਨ ਤਾਂ ਬੇਹੱਦ ਦੇ ਬਾਪ ਨੇ ਕਦੋਂ ਦਾ ਕਰ ਲਿਆ ਹੈ। ਹੁਣ ਇਹ ਸ਼ਖਾਵਾਂ ਅਥਵਾ ਬਰਾਂਚੀਜ਼ ਨਿਕਲਦੀਆਂ ਰਹਿੰਦੀਆਂ ਹਨ। ਪਾਠਸ਼ਾਲਾ ਬਹੁਤ ਚਾਹੀਦੀਆਂ ਹਨ। ਇੱਕ ਤਾਂ ਹੈ ਇਹ ਪਾਠਸ਼ਾਲਾ ਜਿਸ ਵਿੱਚ ਬਾਪ ਰਹਿੰਦੇ ਹਨ, ਇਸ ਦਾ ਨਾਮ ਰੱਖਿਆ ਹੈ ਮਧੂਬਨ। ਬੱਚੇ ਜਾਣਦੇ ਹਨ ਮਧੂਬਨ ਵਿੱਚ ਹਮੇਸ਼ਾ ਮੁਰਲੀ ਵੱਜਦੀ ਰਹਿੰਦੀ ਹੈ। ਕਿਸ ਦੀ? ਭਗਵਾਨ ਦੀ। ਹੁਣ ਭਗਵਾਨ ਤਾਂ ਹੈ ਨਿਰਾਕਾਰ। ਮੁਰਲੀ ਵਜਾਉਂਦੇ ਹਨ ਸਾਕਾਰ ਰੱਥ ਦੁਆਰਾ। ਉਨ੍ਹਾਂ ਦਾ ਨਾਮ ਰੱਖਿਆ ਹੈ ਭਾਗਿਆਸ਼ਾਲੀ ਰੱਥ। ਇਹ ਤਾਂ ਕੋਈ ਵੀ ਸਮਝ ਸਕਦੇ ਹਨ। ਇਸ ਵਿੱਚ ਬਾਪ ਪ੍ਰਵੇਸ਼ ਕਰਦੇ ਹਨ, ਇਹ ਤਾਂ ਤੁਸੀਂ ਬੱਚੇ ਹੀ ਸਮਝਦੇ ਹੋ। ਹੋਰ ਤਾਂ ਕੋਈ ਨਾ ਰਚਤਾ ਨੂੰ, ਨਾ ਰਚਨਾ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹਨ। ਸਿਰਫ ਵੱਡੇ ਆਦਮੀ ਗਵਰਨਰ ਆਦਿ ਹਨ ਤਾਂ ਉਨ੍ਹਾ ਤੋਂ ਉਦਘਾਟਨ ਕਰਾਉਂਦੇ ਹਨ। ਇਹ ਵੀ ਬਾਬਾ ਹਮੇਸ਼ਾ ਲਿੱਖਦੇ ਹਨ ਕਿ ਜਿਨ੍ਹਾਂ ਤੋਂ ਉਦਘਾਟਨ ਕਰਾਉਂਦੇ ਹੋ, ਉਨ੍ਹਾਂ ਨੂੰ ਪਹਿਲੇ ਪਰਿਚੈ ਦੇਣਾ ਹੈ - ਬਾਪ ਕਿਵੇਂ ਨਵੀ ਦੁਨੀਆਂ ਦੀ ਸਥਾਪਨਾ ਕਰਦੇ ਹਨ। ਉਨ੍ਹਾਂ ਦੀ ਇਹ ਬਰਾਂਚੀਜ਼ ਖੁਲ ਰਹੀਆਂ ਹਨ। ਕੋਈ ਨਾ ਕੋਈ ਤੋਂ ਖੁਲਵਾਉਂਦੇ ਹਨ ਤਾਂ ਜੋ ਉਨ੍ਹਾਂ ਦਾ ਕਲਿਆਣ ਹੋ ਜਾਵੇ। ਕੁਝ ਸਮਝਣ ਕਿ ਬਰੋਬਰ ਬਾਪ ਆਇਆ ਹੋਇਆ ਹੈ। ਬ੍ਰਹਮਾ ਦੁਆਰਾ ਸਥਾਪਨਾ ਹੋ ਰਹੀ ਹੈ - ਵਿਸ਼ਵ ਵਿੱਚ ਸ਼ਾਂਤੀ ਦੇ ਰਾਜ ਦੀ ਅਤੇ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ। ਉਸ ਦਾ ਉਦਘਾਟਨ ਤਾਂ ਹੋ ਚੁੱਕਿਆ ਹੈ। ਹੁਣ ਇਹ ਬਰਾਂਚੀਜ਼ ਖੁਲ ਰਹੀਆਂ ਹੈ। ਜਿਵੇਂ ਕਿ ਬੈਂਕ ਦੀ ਬਰਾਂਚੀਜ਼ ਖੁਲਦੀ ਜਾਂਦੀਆਂ ਹਨ। ਬਾਪ ਨੇ ਹੀ ਆਕੇ ਨਾਲੇਜ ਦੇਣੀ ਹੈ। ਇਹ ਨਾਲੇਜ ਪਰਮਪਿਤਾ ਪਰਮਾਤਮਾ ਵਿੱਚ ਹੀ ਰਹਿੰਦੀ ਹੈ ਇਸਲਈ ਇਨ੍ਹਾਂ ਨੂੰ ਹੀ ਗਿਆਨ ਸਾਗਰ ਕਿਹਾ ਜਾਂਦਾ ਹੈ। ਰੂਹਾਨੀ ਬਾਪ ਵਿੱਚ ਹੀ ਰੂਹਾਨੀ ਗਿਆਨ ਹੈ ਜੋ ਆਕੇ ਰੂਹਾਂ ਨੂੰ ਦਿੰਦੇ ਹਨ। ਸਮਝਾਉਂਦੇ ਹਨ - ਹੇ ਬੱਚਿਓ, ਹੇ ਆਤਮਾਓਂ, ਤੁਸੀਂ ਆਪਣੇ ਨੂੰ ਆਤਮਾ ਸਮਝੋ। ਆਤਮਾ ਨਾਮ ਤਾਂ ਕਾਮਨ ਹੈ। ਮਹਾਨ ਆਤਮਾ, ਪੁੰਨ ਆਤਮਾ, ਪਾਪ ਆਤਮਾ ਕਿਹਾ ਜਾਂਦਾ ਹੈ। ਤਾਂ ਆਤਮਾ ਨੂੰ ਪਰਮਪਿਤਾ ਪਰਮਾਤਮਾ ਬਾਪ ਵੀ ਸਮਝਾ ਰਹੇ ਹਨ। ਬਾਪ ਕਿਓਂ ਆਉਣਗੇ? ਜ਼ਰੂਰ ਬੱਚਿਆਂ ਨੂੰ ਵਰਸਾ ਦੇਣ ਲਈ। ਫਿਰ ਸਤੋਪ੍ਰਧਾਨ ਨਵੀਂ ਦੁਨੀਆਂ ਵਿੱਚ ਆਉਣਾ ਹੈ। ਵਰਲਡ ਦੀ ਹਿਸਟਰੀ - ਜੋਗ੍ਰਾਫੀ ਰਿਪੀਟ ਕਿਹਾ ਜਾਂਦਾ ਹੈ। ਨਵੀਂ ਅਥਵਾ ਪੁਰਾਣੀ ਦੁਨੀਆਂ ਮਨੁੱਖਾਂ ਦੀ ਹੀ ਹੈ। ਬਾਪ ਕਹਿੰਦੇ ਹਨ ਮੈਂ ਆਇਆ ਹਾਂ ਨਵੀਂ ਦੁਨੀਆਂ ਰਚਣ। ਬਗੈਰ ਮਨੁੱਖਾਂ ਦੇ ਤਾਂ ਦੁਨੀਆਂ ਹੁੰਦੀ ਨਹੀਂ। ਨਵੀਂ ਦੁਨੀਆਂ ਵਿੱਚ ਦੇਵੀ - ਦੇਵਤਾਵਾਂ ਦਾ ਰਾਜ ਸੀ, ਜਿਸਦੀ ਹੁਣ ਫਿਰ ਤੋਂ ਸਥਾਪਨਾ ਹੋ ਰਹੀ ਹੈ। ਹਾਲੇ ਤੁਸੀਂ ਬੱਚੇ ਸ਼ੂਦਰ ਤੋਂ ਬ੍ਰਾਹਮਣ ਬਣੇ ਹੋ। ਫਿਰ ਤੁਹਾਨੂੰ ਬ੍ਰਾਹਮਣ ਤੋਂ ਦੇਵਤਾ ਬਣਾਉਣ ਆਇਆ ਹਾਂ। ਤੁਸੀਂ ਇਹ ਸੁਣਾ ਸਕਦੇ ਹੋ ਬਾਬਾ ਇਵੇਂ ਸਮਝਾਉਂਦੇ ਹਨ। ਤੁਸੀਂ ਨਵੀਂ ਦੁਨੀਆਂ ਵਿੱਚ ਕਿਵੇਂ ਜਾ ਸਕਦੇ ਹੋ। ਹਾਲੇ ਤਾਂ ਤੁਹਾਡੀ ਆਤਮਾ ਪਤਿਤ ਵਿਕਾਰੀ ਹੈ ਸੋ ਨਿਰਵਿਕਾਰੀ ਬਣਨਾ ਹੈ ।ਜਨਮ - ਜਨਮਾਂਤਰ ਦੇ ਪਾਪਾਂ ਦਾ ਬੋਝਾ ਸਿਰ ਤੇ ਹੈ। ਪਾਪ ਕਦੋਂ ਤੋਂ ਸ਼ੁਰੂ ਹੁੰਦੇ ਹਨ? ਬਾਪ ਕਿੰਨਿਆਂ ਵਰ੍ਹਿਆਂ ਵਾਸਤੇ ਪੁੰਨਯ ਆਤਮਾ ਬਣਾਉਂਦੇ ਹਨ? ਇਹ ਵੀ ਤੁਸੀਂ ਬੱਚੇ ਹੁਣ ਜਾਣਦੇ ਹੋ। 21 ਜਨਮ ਤੁਸੀਂ ਪੁੰਨਯ ਆਤਮਾ ਰਹਿੰਦੇ ਹੋ ਫਿਰ ਪਾਪ ਆਤਮਾ ਬਣਦੇ ਹੋ। ਜਿੱਥੇ ਪਾਪ ਹੁੰਦਾ ਹੈ, ਉੱਥੇ ਦੁੱਖ ਹੀ ਹੋਵੇਗਾ। ਪਾਪ ਕਿਹੜੇ ਹਨ? ਉਹ ਵੀ ਬਾਪ ਦੱਸਦੇ ਹਨ। ਇੱਕ ਤਾਂ ਤੁਸੀਂ ਧਰਮ ਗਲਾਨੀ ਕਰਦੇ ਹੋ। ਕਿੰਨੇ ਤੁਸੀਂ ਪਤਿਤ ਬਣ ਗਏ ਹੋ। ਮੈਨੂੰ ਬੁਲਾਉਂਦੇ ਆਏ ਹੋ - ਹੇ ਪਤਿਤ ਪਾਵਨ ਆਓ, ਸੋ ਹੁਣ ਮੈਂ ਆਇਆ ਹਾਂ। ਪਾਵਨ ਬਣਾਉਣ ਵਾਲੇ ਬਾਪ ਨੂੰ ਤੁਸੀਂ ਗਾਲੀ ਦਿੰਦੇ, ਗਲਾਨੀ ਕਰਦੇ ਹੋ ਇਸਲਈ ਤੁਸੀਂ ਪਾਪ ਆਤਮਾ ਬਣ ਗਏ ਹੋ। ਕਹਿੰਦੇ ਵੀ ਹਨ ਹੇ ਪ੍ਰਭੂ ਜਨਮ - ਜਨਮਾਂਤਰ ਦਾ ਪਾਪੀ ਹਾਂ, ਆਕੇ ਪਾਵਨ ਬਣਾਓ। ਤਾਂ ਬਾਪ ਸਮਝਾਉਂਦੇ ਹਨ ਕਿ ਜਿਸਨੇ ਸਭ ਤੋਂ ਜਾਸਤੀ ਜਨਮ ਲਏ ਹਨ ਉਨ੍ਹਾਂ ਦੇ ਹੀ ਬਹੁਤ ਜਨਮਾਂ ਦੇ ਅੰਤ ਵਿੱਚ ਪ੍ਰਵੇਸ਼ ਕਰਦਾ ਹਾਂ। ਬਾਬਾ ਬਹੁਤ ਜਨਮ ਕਿਸ ਨੂੰ ਕਹਿੰਦੇ ਹਨ? ਬੱਚੇ 84 ਜਨਮਾਂ ਨੂੰ । ਜੋ ਪਹਿਲੇ - ਪਹਿਲੇ ਆਏ ਹਨ, ਉਹ ਹੀ 84 ਜਨਮ ਲੈਂਦੇ ਹਨ। ਪਹਿਲੇ ਤਾਂ ਇਹ ਹੀ ਲਕਸ਼ਮੀ - ਨਾਰਾਇਣ ਆਉਂਦੇ ਹਨ। ਇੱਥੇ ਤੁਸੀਂ ਆਉਂਦੇ ਹੀ ਹੋ ਨਰ ਤੋਂ ਨਾਰਾਇਣ ਬਣਨ ਦੇ ਲਈ। ਕਥਾ ਵੀ ਸੱਤ ਨਾਰਾਇਣ ਦੀ ਸੁਣਾਉਂਦੇ ਹਨ। ਕਦੇ ਰਾਮ - ਸੀਤਾ ਬਣਨ ਦੀ ਕਥਾ ਸੁਣਾਈ ਹੈ ਕਿਸੇ ਨੇ? ਉਨ੍ਹਾਂ ਦੀ ਗਲਾਨੀ ਵੀ ਹੋਈ ਹੈ। ਬਾਪ ਬਣਾਉਂਦੇ ਹੀ ਹਨ ਨਰ ਤੋਂ ਨਾਰਾਇਣ, ਨਾਰੀ ਤੋਂ ਲਕਸ਼ਮੀ। ਜਿਨ੍ਹਾਂ ਦੀ ਕਦੀ ਕੋਈ ਨਿੰਦਾ ਨਹੀਂ ਕਰਦੇ ਹਨ। ਬਾਪ ਕਹਿੰਦੇ ਹਨ ਮੈ ਰਾਜਯੋਗ ਸਿਖਾਉਂਦਾ ਹਾਂ। ਵਿਸ਼ਨੂੰ ਦੇ ਦੋ ਰੂਪ ਇਹ ਲਕਸ਼ਮੀ - ਨਾਰਾਇਣ ਹਨ। ਛੋਟੇਪਨ ਵਿੱਚ ਰਾਧਾ - ਕ੍ਰਿਸ਼ਨ ਹਨ। ਇਹ ਕੋਈ ਭਰਾ - ਭੈਣ ਨਹੀਂ, ਵੱਖ - ਵੱਖ ਰਾਜਿਆਂ ਦੇ ਬੱਚੇ ਸੀ। ਮਹਾਰਾਜਕੁਮਾਰ, ਉਹ ਮਹਾਰਾਜਕੁਮਾਰੀ, ਜਿਨ੍ਹਾਂ ਨੂੰ ਸਵੰਬਰ ਦੇ ਬਾਦ ਲਕਸ਼ਮੀ-

ਨਰਾਇਣ ਕਿਹਾ ਜਾਂਦਾ ਹੈ। ਇਹ ਸਭ ਗੱਲਾਂ ਕੋਈ ਮਨੁੱਖ ਨਹੀਂ ਜਾਣਦੇ। ਕਲਪ ਪਹਿਲਾਂ ਇਹ ਸਭ ਗੱਲਾਂ ਜਿਨ੍ਹਾਂ ਦੀ ਬੁੱਧੀ ਵਿੱਚ ਬੈਠੀਆਂ ਹੋਣਗੀਆਂ ਉਨ੍ਹਾਂ ਦੀ ਹੀ ਬੁੱਧੀ ਵਿੱਚ ਬੈਠਣਗੀਆਂ। ਇਨ੍ਹਾਂ ਲਕਸ਼ਮੀ - ਨਾਰਾਇਣ, ਰਾਧੇ - ਕ੍ਰਿਸ਼ਨ ਆਦਿ ਸਾਰਿਆਂ ਦੇ ਮੰਦਿਰ ਹਨ, ਵਿਸ਼ਨੂੰ ਦਾ ਵੀ ਮੰਦਿਰ ਹੈ, ਜਿਨ੍ਹਾਂ ਨੂੰ ਨਰ - ਨਾਰਾਇਣ ਦਾ ਮੰਦਿਰ ਕਿਹਾ ਜਾਂਦਾ ਹੈ। ਅਤੇ ਫਿਰ ਲਕਸ਼ਮੀ - ਨਾਰਾਇਣ ਦਾ ਵੱਖ - ਵੱਖ ਮੰਦਿਰ ਵੀ ਹਨ। ਬ੍ਰਹਮਾ ਦਾ ਵੀ ਮੰਦਿਰ ਹੈ। ਬ੍ਰਹਮਾ ਦੇਵਤਾ ਨਮ: ਫਿਰ ਕਹਿੰਦੇ ਸ਼ਿਵ ਪ੍ਰਮਾਤਮਾਏ ਨਮ: ਉਹ ਤਾਂ ਵੱਖ ਹੋ ਗਿਆ ਨਾ। ਦੇਵਤਾਵਾਂ ਨੂੰ ਕਦੀ ਭਗਵਾਨ ਥੋੜੀ ਕਿਹਾ ਜਾਂਦਾ ਹੈ। ਤਾਂ ਬਾਪ ਸਮਝਾਉਂਦੇ ਹਨ ਪਹਿਲੇ ਜਿਸ ਤੋਂ ਉਦਘਾਟਨ ਕਰਾਉਣਾ ਹੈ, ਉਨ੍ਹਾਂ ਨੂੰ ਸਮਝਾਉਣਾ ਹੈ, ਵਿਸ਼ਵ ਵਿੱਚ ਸ਼ਾਂਤੀ ਸਥਾਪਨ ਅਰਥ ਭਗਵਾਨ ਨੇ ਫਾਊਂਡੇਸ਼ਨ ਲਗਾ ਦਿੱਤਾ ਹੈ। ਵਿਸ਼ਵ ਵਿੱਚ ਸ਼ਾਂਤੀ ਲਕਸ਼ਮੀ - ਨਾਰਾਇਣ ਦੇ ਰਾਜ ਵਿੱਚ ਸੀ ਨਾ। ਉਹ ਸਤਿਯੁਗ ਦੇ ਮਾਲਿਕ ਸੀ ਨਾ। ਤਾਂ ਮਨੁੱਖ ਨੂੰ ਨਰ ਤੋਂ ਨਾਰਾਇਣ, ਨਾਰੀ ਤੋਂ ਲਕਸ਼ਮੀ ਬਣਾਉਣ ਦੀ ਇਹ ਵੱਡੀ ਗਾਡਲੀ ਯੂਨੀਵਰਸਿਟੀ ਹੈ ਅਥਵਾ ਈਸ਼ਵਰੀਏ ਵਿਸ਼ਵ ਵਿਦਿਆਲਿਆ ਹੈ। ਵਿਸ਼ਵ ਵਿਦਿਆਲਿਆ ਤਾਂ ਬਹੁਤਿਆਂ ਨੇ ਨਾਮ ਰੱਖੇ ਹਨ। ਅਸਲ ਵਿੱਚ ਉਹ ਕੋਈ ਵਰਲਡ ਯੂਨੀਵਰਸਿਟੀ ਹੈ ਨਹੀਂ। ਯੂਨੀਵਰਸ ਤਾਂ ਸਾਰੀ ਵਿਸ਼ਵ ਹੋ ਗਈ। ਸਾਰੇ ਵਿਸ਼ਵ ਵਿੱਚ ਬੇਹੱਦ ਦਾ ਬਾਪ ਇੱਕ ਹੀ ਕਾਲੇਜ ਖੋਲਦੇ ਹਨ। ਤੁਸੀਂ ਜਾਣਦੇ ਹੋ ਵਿਸ਼ਵ ਵਿੱਚ ਪਾਵਨ ਬਣਨ ਦੀ ਵਿਸ਼ਵ - ਵਿਦਿਆਲਿਆ ਸਿਰਫ ਇਹ ਇੱਕ ਹੀ ਹੈ, ਜੋ ਬਾਪ ਸਥਾਪਨ ਕਰਦੇ ਹਨ। ਅਸੀਂ ਸਾਰੇ ਵਿਸ਼ਵ ਨੂੰ ਸ਼ਾਂਤੀਧਾਮ, ਸੁੱਖਧਾਮ ਵਿੱਚ ਲੈ ਜਾਂਦੇ ਹਾਂ ਇਸ ਲਈ ਇਸ ਨੂੰ ਕਿਹਾ ਹੈ ਜਾਂਦਾ ਹੈ ਈਸ਼ਵਰੀਏ ਵਿਸ਼ਵ ਵਿਦਿਆਲਿਆ। ਈਸ਼ਵਰ ਆਕੇ ਸਾਰੇ ਵਿਸ਼ਵ ਨੂੰ ਮੁਕਤੀ - ਜੀਵਨਮੁਕਤੀ ਦਾ ਵਰਸਾ ਦਿੰਦੇ ਹਨ। ਕਿੱਥੇ ਬਾਪ ਦੀ ਗੱਲ, ਕਿੱਥੇ ਇਹ ਸਭ ਕਹਿੰਦੇ ਰਹਿੰਦੇ ਯੂਨਵਰਸਿਟੀ। ਯੂਨੀਵਰਸ ਮਤਲਬ ਸਾਰੀ ਦੁਨੀਆਂ ਨੂੰ ਚੇਂਜ ਕਰਨਾ, ਇਹ ਤਾਂ ਬਾਪ ਦਾ ਹੀ ਕੰਮ ਹੈ। ਸਾਨੂੰ ਇਹ ਨਾਮ ਰੱਖਣ ਨਹੀਂ ਦਿੰਦੇ ਅਤੇ ਗਵਰਨਮੈਂਟ ਖੁਦ ਰੱਖਦੀ ਹੈ। ਇਹ ਤਾਂ ਤੁਹਾਨੂੰ ਸਮਝਾਉਣਾ ਹੈ, ਉਹ ਵੀ ਪਹਿਲੇ ਤਾਂ ਨਹੀਂ ਸਮਝਾਉਣਗੇ। ਬੋਲੋ, ਸਾਡਾ ਨਾਮ ਹੀ ਹੈ ਬ੍ਰਹਮਾਕੁਮਾਰ - ਬ੍ਰਹਮਾਕੁਮਾਰੀਆਂ। ਇਨ੍ਹਾਂ ਦਾ ਬ੍ਰਹਮਾ ਨਾਮ ਤਾਂ ਹੀ ਪੈਂਦਾ ਹੈ ਜਦੋ ਬਾਪ ਨੇ ਆਕੇ ਰੱਥ ਬਣਾਇਆ ਹੈ। ਪ੍ਰਜਾਪਿਤਾ ਨਾਮ ਤਾਂ ਮਸ਼ਹੂਰ ਹੈ ਨਾ। ਉਹ ਆਇਆ ਕਿੱਥੋਂ? ਉਨ੍ਹਾਂ ਦੇ ਬਾਪ ਦਾ ਨਾਮ ਕੀ ਹੈ? ਬ੍ਰਹਮਾ ਨੂੰ ਦੇਵਤਾ ਵਿਖਾਉਂਦੇ ਹਨ ਨਾ। ਦੇਵਤਿਆਂ ਦਾ ਬਾਪ ਤਾਂ ਜ਼ਰੂਰ ਪਰਮਾਤਮਾ ਹੀ ਹੋਵੇਗਾ। ਉਹ ਰਚਤਾ, ਬ੍ਰਹਮਾ ਨੂੰ ਕਹਾਂਗੇ ਪਹਿਲੀ - ਪਹਿਲੀ ਰਚਨਾ। ਉਨ੍ਹਾਂ ਦਾ ਬਾਪ ਹੈ ਸ਼ਿਵਬਾਬਾ, ਉਹ ਕਹਿੰਦੇ ਹਨ ਮੈ ਇਨ੍ਹਾਂ ਵਿੱਚ ਪ੍ਰਵੇਸ਼ ਕਰ ਇਨ੍ਹਾਂ ਦੀ ਪਹਿਚਾਣ ਤੁਹਾਨੂੰ ਦਿੰਦਾ ਹਾਂ।

ਤਾਂ ਬੱਚਿਆਂ ਨੂੰ ਸਮਝਾਉਣਾ ਹੈ - ਇਹ ਈਸ਼ਵਰੀਏ ਮਿਊਜ਼ੀਅਮ ਹੈ। ਬਾਪ ਕਹਿੰਦੇ ਹਨ ਮੈਨੂੰ ਬੁਲਾਇਆ ਹੀ ਹੈ ਹੇ ਪਤਿਤ - ਪਾਵਨ ਆਓ, ਆਕੇ ਪਤਿਤ ਤੋਂ ਪਾਵਨ ਬਣਾਓ। ਹੁਣ ਹੇ ਬੱਚਿਓ, ਹੇ ਆਤਮਾਓਂ, ਤੁਸੀਂ ਆਪਣੇ ਬਾਪ ਨੂੰ ਯਾਦ ਕਰੋ ਤਾਂ ਪਤਿਤ ਤੋਂ ਪਾਵਨ ਬਣ ਜਾਵੋਗੇ। ਮਨਮਨਾਭਵ ਇਹ ਅੱਖਰ ਤਾਂ ਗੀਤਾ ਦੇ ਹੀ ਹਨ। ਭਗਵਾਨ ਇੱਕ ਹੀ ਗਿਆਨ ਸਾਗਰ ਪਤਿਤ - ਪਾਵਨ ਹਨ, ਕ੍ਰਿਸ਼ਨ ਤਾਂ ਪਤਿਤ ਪਾਵਨ ਹੋ ਨਾ ਸਕੇ। ਉਹ ਪਤਿਤ ਦੁਨੀਆਂ ਵਿੱਚ ਆ ਨਾ ਸਕਣ। ਪਤਿਤ ਦੁਨੀਆਂ ਵਿੱਚ ਪਤਿਤ - ਪਾਵਨ ਬਾਪ ਹੀ ਆਉਣਗੇ। ਹੁਣ ਮੈਨੂੰ ਯਾਦ ਕਰੋਗੇ ਤਾਂ ਪਾਪ ਭਸਮ ਹੋਣਗੇ। ਕਿੰਨੀ ਸਹਿਜ ਗੱਲ ਹੈ। ਭਗਵਾਨੁਵਾਚ ਅੱਖਰ ਜ਼ਰੂਰ ਕਹਿਣਾ ਹੈ। ਪਰਮਪਿਤਾ ਪਰਮਾਤਮਾ ਕਹਿੰਦੇ ਹਨ ਕਾਮ ਵਿਕਾਰ ਮਹਾਸ਼ਤਰੂ ਹੈ। ਪਹਿਲਾਂ ਨਿਰਵਿਕਾਰੀ ਦੁਨੀਆਂ ਸੀ, ਹੁਣ ਵਿਕਾਰੀ ਦੁਨੀਆਂ ਹੈ। ਦੁੱਖ ਹੀ ਦੁੱਖ ਹੈ। ਨਿਰਵਿਕਾਰੀ ਹੋਣਗੇ ਤਾਂ ਫੇਰ ਸੁੱਖ ਹੀ ਸੁੱਖ ਹੋਵੇਗਾ। ਤਾਂ ਇਹ ਸਮਝਾਉਣਾ ਹੈ ਭਗਵਾਨੁਵਾਚ ਕਾਮ ਮਹਾਸ਼ਤਰੂ ਹੈ, ਇਸ ਤੇ ਜਿੱਤ ਪਾਉਣ ਨਾਲ ਤੁਸੀਂ ਜਗਤਜੀਤ ਬਣੋਗੇ। ਇੱਕ ਬਾਪ ਨੂੰ ਯਾਦ ਕਰੋ। ਅਸੀਂ ਵੀ ਉਨ੍ਹਾਂ ਨੂੰ ਯਾਦ ਕਰਦੇ ਹਾਂ। ਜਿਵੇਂ ਕੋਈ ਕਾਲੇਜ਼ ਖੁੱਲ੍ਹਦਾ ਹੈ ਤਾਂ ਉਸਦਾ ਵੀ ਉਦਘਾਟਨ ਕਰਵਾਉਂਦੇ ਹਨ ਨਾ। ਇਹ ਵੀ ਕਾਲਜ ਹੈ, ਫੇਰ ਸੈਂਟਰਜ਼ ਹਨ। ਸੈਂਟਰਜ਼ ਵਿੱਚ ਟੀਚਰ ਮੁਕੱਰਰ ਹਨ। ਟੀਚਰਜ਼ ਨੂੰ ਵੀ ਖ਼ਿਆਲ ਜ਼ਰੂਰ ਰੱਖਣਾ ਚਾਹੀਦਾ ਹੈ। ਬਾਬਾ ਨਵੇਂ- ਨਵੇਂ ਸੈਂਟਰਜ਼ ਤੇ ਚੰਗੀਆਂ - ਚੰਗੀਆਂ ਬ੍ਰਹਮਣੀਆਂ ( ਟੀਚਰਜ਼) ਨੂੰ ਜ਼ਰੂਰ ਰੱਖਦੇ ਹਨ ਇਸ ਲਈ ਕਿ ਜਲਦੀ - ਜਲਦੀ ਆਪਣੇ ਵਰਗਾ ਬਣਾ ਕੇ ਫੇਰ ਦੂਸਰੇ ਸੈਂਟਰ ਤੇ ਭੱਜਣਾ ਚਾਹੀਦਾ ਹੈ ਸਰਵਿਸ ਕਰਨ ਦੇ ਲਈ। ਵੇਖਣਗੇ ਕੌਣ - ਕੌਣ ਠੀਕ ਤਰ੍ਹਾਂ ਨਾਲ ਮੁਰਲੀ ਪੜ੍ਹਕੇ ਸੁਣਾ ਸਕਦੇ ਹਨ, ਸਮਝਾ ਸਕਦੇ ਹਨ ਤਾਂ ਉਨ੍ਹਾਂ ਨੂੰ ਕਹਿਣਗੇ ਹੁਣ ਤੁਸੀਂ ਇੱਥੇ ਬੈਠ ਕੇ ਕਲਾਸ ਚਲਾਓ। ਅਜਿਹੀ ਟ੍ਰਾਇਲ ਕਰਵਾਕੇ, ਉਨ੍ਹਾਂਨੂੰ ਬਿਠਾ ਕੇ ਚਲੇ ਜਾਣਾ ਚਾਹੀਦਾ ਹੈ ਦੂਸਰੀ ਜਗ੍ਹਾ ਸੈਂਟਰ ਬਣਾਉਣ। ਬ੍ਰਾਹਮਣੀਆਂ ਦਾ ਕੰਮ ਹੈ ਇਕ ਸੈਂਟਰ ਜਮਾਇਆ ਫੇਰ ਜਾਕੇ ਹੋਰ ਸੈਂਟਰ ਜਮਾਉਣ।। ਇੱਕ - ਇੱਕ ਟੀਚਰ ਨੂੰ 10 - 20 ਸੈਂਟਰ ਸਥਾਪਨ ਕਰਨੇ ਚਾਹੀਦੇ ਹਨ। ਬਹੁਤ ਸਰਵਿਸ ਕਰਨੀ ਚਾਹੀਦੀ ਹੈ। ਦੁਕਾਨ ਖੋਲ੍ਹਦੇ ਜਾਣ, ਆਪ ਸਮਾਨ ਬਣਾਕੇ ਕਿਸੇ ਨੂੰ ਛੱਡਦੇ ਜਾਣ। ਦਿਲ ਵਿੱਚ ਆਉਣਾ ਚਾਹੀਦਾ ਹੈ - ਕਿਸੇ ਨੂੰ ਆਪਣੇ ਵਰਗਾ ਬਣਾਕੇ ਤਿਆਰ ਕਰਾਂ ਤਾਂ ਦੂਸਰੇ ਸੈਂਟਰ ਖੁੱਲਣ। ਪਰੰਤੂ ਅਜਿਹੇ ਇਮਾਨਦਾਰ ਕੋਈ ਵਿਰਲੇ ਰਹਿੰਦੇ ਹਨ। ਆਨੇਸਟ ( ਇਮਾਨਦਾਰ ) ਉਸ ਨੂੰ ਕਿਹਾ ਜਾਂਦਾ ਹੈ ਜੋ ਸਾਰੇ ਯੂਨੀਵਰਸ ਦੀ ਸੇਵਾ ਕਰੇ। ਇੱਕ ਸੈਂਟਰ ਖੋਲ੍ਹਿਆ ਆਪਣੇ ਵਰਗਾ ਬਣਾਇਆ, ਫੇਰ ਦੂਸਰੀ ਜਗ੍ਹਾ ਤੇ ਸੇਵਾ ਕੀਤੀ। ਇੱਕੋ ਜਗ੍ਹਾ ਤੇ ਅਟਕ ਨਹੀਂ ਜਾਣਾ ਚਾਹੀਦਾ। ਅੱਛਾ, ਕਿਸੇ ਨੂੰ ਸਮਝਾ ਨਹੀਂ ਸਕਦੇ ਹੋ ਤਾਂ ਹੋਰ ਕੰਮ ਕਰੋ। ਉਸ ਵਿੱਚ ਦੇਹ ਅਭਿਮਾਨ ਨਹੀਂ ਆਉਣਾ ਚਾਹੀਦਾ। ਮੈਂ ਤੇ ਵੱਡੇ ਘਰ ਦੀ ਹਾਂ, ਇਹ ਕੰਮ ਕਿਵੇਂ ਕਰਾਂ... ਮੈਨੂੰ ਦਰਦ ਹੋਵੇਗਾ। ਥੋੜ੍ਹਾ ਵੀ ਕੰਮ ਕਰਨ ਨਾਲ ਹੱਡੀ ਦੁਖੇਗੀ, ਇਸ ਨੂੰ ਦੇਹ ਅਭਿਮਾਨ ਕਿਹਾ ਜਾਂਦਾ ਹੈ। ਕੁਝ ਵੀ ਸਮਝਦੇ ਨਹੀਂ ਹਨ, ਦੂਸਰਿਆਂ ਦੀ ਸਰਵਿਸ ਕਰਨੀ ਚਾਹੀਦੀ ਹੈ ਨਾ। ਜੋ ਫੇਰ ਵੀ ਲਿਖਣ ਕਿ ਬਾਬਾ ਫਲਾਣੀ ਨੇ ਸਾਨੂੰ ਸਮਝਾਇਆ, ਸਾਡੀ ਜੀਵਨ ਬਣਾ ਦਿੱਤੀ। ਸਰਵਿਸ ਦਾ ਸਬੂਤ ਮਿਲਣਾ ਚਾਹੀਦਾ ਹੈ। ਇੱਕ - ਇੱਕ ਟੀਚਰ ਬਣਨਾ ਚਾਹੀਦਾ ਹੈ। ਫੇਰ ਆਪੇ ਹੀ ਲਿਖੇ - ਬਾਬਾ ਸਾਡੇ ਪਿੱਛੋਂ ਢੇਰ ਸੰਭਾਲਣ ਵਾਲੇ ਹਨ, ਅਸੀਂ ਬਹੁਤ ਆਪ ਸਮਾਨ ਬਣਾਏ ਹਨ, ਅਸੀਂ ਸੈਂਟਰ ਖੋਲ੍ਹਦੇ ਜਾਈਏ। ਅਜਿਹੇ ਬੱਚੇ ਨੂੰ ਕਹਾਂਗੇ ਫੁੱਲ। ਸਰਵਿਸ ਹੀ ਨਹੀ ਕਰਨਗੇ ਤਾਂ ਫੁੱਲ ਕਿਵੇਂ ਬਣਨਗੇ। ਫੁੱਲਾਂ ਦਾ ਵੀ ਬਗੀਚਾ ਹੈ ਨਾ।

ਤਾਂ ਉਦਘਾਟਨ ਕਰਨ ਵਾਲਿਆਂ ਨੂੰ ਵੀ ਸਮਝਾਉਣਾ ਚਾਹੀਦਾ ਹੈ। ਅਸੀਂ ਬ੍ਰਹਮਾਕੁਮਾਰ - ਕੁਮਾਰੀਆਂ ਹਾਂ। ਸ਼ੂਦਰ ਤੋਂ ਬ੍ਰਾਹਮਣ ਬਣ ਦੇਵਤਾ ਬਣਦੇ ਹਾਂ। ਬਾਪ ਇਸ ਬ੍ਰਾਹਮਣ ਕੁੱਲ ਅਤੇ ਸੂਰਜਵੰਸ਼ੀ - ਚੰਦ੍ਰਵੰਸ਼ੀ ਕੁੱਲ ਦੀ ਸਥਾਪਨਾ ਕਰਦੇ ਹਨ। ਇਸ ਵਕ਼ਤ ਤਾਂ ਸਾਰੇ ਸ਼ੂਦਰ ਵਰਨ ਦੇ ਹਨ। ਸਤਿਯੁਗ ਵਿੱਚ ਦੇਵਤਾ ਵਰਨ ਦੇ ਸੀ ਫੇਰ ਖ਼ੱਤਰੀ, ਵੈਸ਼ ਵਰਨ ਦੇ ਬਣੇ। ਬਾਬਾ ਜਾਣਦੇ ਹਨ ਕਿੰਨੇ ਪੁਆਇੰਟਸ ਬੱਚੇ ਭੁੱਲ ਜਾਂਦੇ ਹਨ। ਪਹਿਲੇ - ਪਹਿਲੇ ਬ੍ਰਾਹਮਣ ਵਰਨ, ਪ੍ਰਜਾਪਿਤਾ ਬ੍ਰਹਮਾ ਦੀ ਔਲਾਦ...ਬ੍ਰਹਮਾ ਕਿਥੋਂ ਆਏ। ਇਹ ਬ੍ਰਹਮਾ ਬੈਠਾ ਹੈ ਨਾ। ਚੰਗੀ ਤਰ੍ਹਾਂ ਸਮਝਾਉਣਾ ਚਾਹੀਦਾ ਹੈ। ਬ੍ਰਹਮਾ ਦੁਆਰਾ ਸਥਾਪਨਾ, ਕਿਸਦੀ? ਬ੍ਰਾਹਮਣਾਂ ਦੀ। ਫੇਰ ਉਨ੍ਹਾਂਨੂੰ ਸਿੱਖਿਆ ਦੇ ਕੇ ਦੇਵਤਾ ਬਣਾਉਂਦੇ ਹਾਂ। ਅਸੀਂ ਬਾਪ ਤੋਂ ਪੜ੍ਹ ਰਹੇ ਹਾਂ ਉਨ੍ਹਾਂਨੇ ਭਗਵਾਨੁਵਾਚ ਤਾਂ ਲਿਖ਼ ਦਿੱਤਾ ਹੈ ਅਰਜੁਨ ਪ੍ਰਤੀ। ਹੁਣ ਅਰਜੁਨ ਕੌਣ ਸੀ, ਕਿਸੇ ਨੂੰ ਪਤਾ ਨਹੀਂ। ਤੁਸੀਂ ਜਾਣਦੇ ਹੋ ਅਸੀਂ ਬ੍ਰਹਮਾ ਦੀ ਔਲਾਦ ਬ੍ਰਾਹਮਣ ਹਾਂ। ਜੇਕਰ ਕੋਈ ਕਹਿੰਦੇ ਅਸੀਂ ਤਾਂ ਸ਼ਿਵਬਾਬਾ ਦੇ ਬੱਚੇ ਹਾਂ, ਬ੍ਰਹਮਾ ਨਾਲ ਸਾਡਾ ਕਨੈਕਸ਼ਨ ਨਹੀਂ ਤਾਂ ਫੇਰ ਦੇਵਤੇ ਉਹ ਕਿਵੇਂ ਬਣਨਗੇ? ਬ੍ਰਹਮਾ ਦੇ ਥਰੂ ਹੀ ਬਣਨਗੇ ਨਾ। ਸ਼ਿਵਬਾਬਾ ਨੇ ਤੁਹਾਨੂੰ ਕਿਵੇਂ, ਕਿਸ ਦੁਆਰਾ ਕਿਹਾ ਕਿ ਮੈਨੂੰ ਯਾਦ ਕਰੋ? ਬ੍ਰਹਮਾ ਦੁਆਰਾ ਕਿਹਾ ਨਾ। ਪ੍ਰਜਾਪਿਤਾ ਬ੍ਰਹਮਾ ਦੇ ਤਾਂ ਬੱਚੇ ਹੋ ਨਾ। ਬ੍ਰਹਮਾਕੁਮਾਰ - ਕੁਮਾਰੀ ਕਹਾਉਂਦੇ ਹੋ। ਅਸੀਂ ਬ੍ਰਹਮਾ ਦੇ ਬੱਚੇ ਹਾਂ। ਤਾਂ ਜ਼ਰੂਰ ਬ੍ਰਹਮਾ ਯਾਦ ਆਵੇਗਾ। ਸ਼ਿਵਬਾਬਾ ਬ੍ਰਹਮਾ ਤਨ ਨਾਲ ਪੜ੍ਹਾਉਂਦੇ ਹਨ। ਬ੍ਰਹਮਾ ਬਾਬਾ ਹੈ ਵਿਚਕਾਰ। ਬ੍ਰਾਹਮਣ ਬਣਨ ਬਗੈਰ ਦੇਵਤਾ ਕਿਵੇਂ ਬਣ ਸਕਦੇ ਹਾਂ। ਮੈਂ ਜਿਸ ਰੱਥ ਤੇ ਆਉਂਦਾ ਹਾਂ, ਉਨ੍ਹਾਂਨੂੰ ਵੀ ਜਾਣਨਾ ਚਾਹੀਦਾ ਹੈ। ਬ੍ਰਹਮਾ ਨੂੰ ਬਾਬਾ ਨਹੀਂ ਕਹੇ ਤਾਂ ਬੱਚਾ ਕਿਵੇਂ ਹੋਇਆ। ਬ੍ਰਾਹਮਣ ਆਪਣੇ ਨੂੰ ਨਹੀਂ ਸਮਝਦੇ ਤਾਂ ਗੋਇਆ ਸ਼ੂਦਰ ਹਨ। ਸ਼ੂਦਰ ਤੋਂ ਝੱਟ ਦੇਵਤਾ ਬਣੇ ਮੁਸ਼ਕਿਲ ਹੈ। ਬ੍ਰਾਹਮਣ ਬਣ ਸ਼ਿਵਬਾਬਾ ਨੂੰ ਯਾਦ ਕਰਨ ਬਿਨਾਂ ਦੇਵਤਾ ਬਣ ਕਿਵੇਂ ਸਕੋਗੇ, ਇਸ ਵਿੱਚ ਮੁੰਝਣ ਦੀ ਵੀ ਦਰਕਾਰ ਨਹੀਂ। ਤਾਂ ਉਦਘਾਟਨ ਕਰਨ ਵਾਲਿਆਂ ਨੂੰ ਵੀ ਸਮਝਾਉਣਾ ਹੈ ਕਿ ਬਾਪ ਦੁਆਰਾ ਉਦਘਾਟਨ ਹੋ ਚੁੱਕਾ ਹੈ। ਤੁਹਾਨੂੰ ਵੀ ਦੱਸਦੇ ਹਾਂ ਕਿ ਸਿਰਫ਼ ਬਾਪ ਨੂੰ ਯਾਦ ਕਰੋ ਤਾਂ ਪਾਪ ਕੱਟ ਜਾਣਗੇ। ਉਹ ਬਾਪ ਹੀ ਪਤਿਤ - ਪਾਵਨ ਹੈ ਫੇਰ ਤੁਸੀਂ ਪਾਵਨ ਬਣ ਦੇਵਤਾ ਬਣ ਜਾਓਗੇ। ਬੱਚੇ ਬਹੁਤ ਸਰਵਿਸ ਕਰ ਸਕਦੇ ਹਨ। ਬੋਲੋ, ਅਸੀਂ ਬਾਪ ਦਾ ਪੈਗਾਮ ਦਿੰਦੇ ਹਾਂ। ਹੁਣ ਕਰੋ ਨਾ ਕਰੋ ਤੁਹਾਡੀ ਮਰਜੀ। ਅਸੀਂ ਬਾਪ ਦਾ ਪੈਗਾਮ ਦੇਕੇ ਜਾਂਦੇ ਹਾਂ। ਹੋਰ ਕਿਸੇ ਵੀ ਢੰਗ ਨਾਲ ਪਾਵਨ ਹੋਣਾ ਹੀ ਨਹੀਂ ਹੈ। ਜਦੋਂ ਫ਼ੁਰਸਤ ਮਿਲੇ, ਸਰਵਿਸ ਕਰੋ। ਵਕ਼ਤ ਤੇ ਬਹੁਤ ਮਿਲਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਨਵੇਂ - ਨਵੇਂ ਸੈਂਟਰਸ ਦੀ ਵ੍ਰਿਧੀ ਕਰਨ ਦੇ ਲਈ ਆਪ ਸਮਾਨ ਬਣਾਉਣ ਦੀ ਸੇਵਾ ਕਰਨੀ ਹੈ। ਸੈਂਟਰਸ ਖੋਲਦੇ ਜਾਣਾ ਹੈ। ਇੱਕ ਜਗ੍ਹਾ ਤੇ ਬੈਠਣਾ ਨਹੀਂ ਹੈ।

2. ਫੁੱਲਾਂ ਦਾ ਬਗੀਚਾ ਤਿਆਰ ਕਰਨਾ ਹੈ। ਹਰ ਇੱਕ ਨੂੰ ਫੁੱਲ ਬਣ ਕੇ ਦੂਜਿਆਂ ਨੂੰ ਆਪ ਸਮਾਨ ਫੁੱਲ ਬਣਾਉਣਾ ਹੈ। ਕਿਸੀ ਵੀ ਸੇਵਾ ਵਿੱਚ ਦੇਹ - ਅਭਿਮਾਨ ਨਾ ਆਏ।

ਵਰਦਾਨ:- ਸਰਵ ਪਦਾਰਥਾਂ ਦੀ ਅਸਕਤੀਆਂ ਤੋਂ ਨਿਆਰੇ, ਪ੍ਰਕ੍ਰਿਤੀਜੀਤ ਭਵ

ਜੇਰਕ ਕੋਈ ਵੀ ਪਦਾਰਥ ਕਰਮਇੰਦਰੀਆਂ ਨੂੰ ਵਿਚਲਿਤ ਕਰਦਾ ਹੈ ਮਤਲਬ ਆਸਕਤੀ ਦਾ ਭਾਵ ਪੈਦਾ ਹੁੰਦਾ ਹੈ ਤਾਂ ਵੀ ਨਿਆਰੇ ਨਹੀਂ ਬਣ ਸਕੋਂਗੇ। ਇਛਾਵਾਂ ਹੀ ਆਸਕਤੀਆ ਦਾ ਰੂਪ ਹੈ। ਕੀ ਕਹਿੰਦੇ ਇੱਛਾ ਨਹੀਂ ਹੈ ਪਰ ਚੰਗਾ ਲਗਦਾ ਹੈ। ਤਾਂ ਇਹ ਵੀ ਸੂਕ੍ਸ਼੍ਮ ਆਸਕਤੀ ਹੈ - ਇਸਦੀ ਮਹੀਂਨ ਰੂਪ ਨਾਲ ਚੈਕਿੰਗ ਕਰੋ ਕਿ ਇਹ ਪਦਾਰਥ ਮਤਲਬ ਅਲਪਕਾਲ ਸੁਖ ਦੇ ਸਾਧਨ ਆਕਰਸ਼ਿਤ ਤਾਂ ਨਹੀਂ ਕਰਦੇ ਹਨ? ਇਹ ਪਦਾਰਥ ਪ੍ਰਕ੍ਰਿਤੀ ਦੇ ਸਾਧਨ ਹਨ, ਜਦੋਂ ਇਹਨਾਂ ਤੋਂ ਅਨਾਸਕਤ ਮਤਲਬ ਨਿਆਰੇ ਬਣੋਂਗੇ ਉਦੋਂ ਪ੍ਰਕ੍ਰਿਤੀਜਿੱਤ ਬਣੋਗੇ।

ਸਲੋਗਨ:- ਮੇਰੇ -ਮੇਰੇ ਝਮੇਲੇ ਨੂੰ ਛੱਡ ਬੇਹੱਦ ਵਿੱਚ ਰਹੋ ਉਦੋ ਕਹਾਂਗੇ ਵਿਸ਼ਵ ਕਲਿਆਣਕਾਰੀ।

******